





# ਭਾਈ ਵੀਰ ਸਿੰਘ : ਸਾਹਿਤਕਾਰੀ ਦਾ ਯੁੱਗ ਪੁਰਸ਼

(ਭਾਈ ਵੀਰ ਸਿੰਘ ਜੀ ਦੀ 150 ਸਾਲਾ ਜਨਮ-ਦਿਵਸ ਨੂੰ ਸਮਰਪਿਤ)

ਭਾਈ ਵੀਰ ਸਿੰਘ ਦਾ ਜੀਵਨ ਸਮਾਂ 05 ਦਸੰਬਰ 1872 ਤੋਂ 10 ਜੂਨ 1957 ਤਕ ਦਾ ਹੈ। ਉਹਨਾਂ ਦੀ ਸਾਹਿਤਕਾਰੀ ਅੱਜ ਵੀ ਸਾਡੇ ਲਈ ਸਤਿਕਾਰਤ ਤੇ ਜਿਊਂਦਾ ਰੂਪ ਹੈ ਅਤੇ ਅੱਗੇ ਵੀ ਰਹੇਗੀ। ਅਜਿਹਾ ਕਿਉਂ ਹੈ? ਇਸ ਸਬੰਧੀ ਚਰਚਾ ਕਰਨ ਦੀ ਜ਼ਰੂਰਤ ਹੈ।

ਭਾਈ ਵੀਰ ਸਿੰਘ ਦਾ ਪਰਿਵਾਰਕ ਪਿਛੋਕੜ ਦੀਵਾਨ ਕੌੜਾ ਮੱਲ ਦੇ ਖ਼ਾਨਦਾਨ ਨਾਲ ਜੁੜਦਾ ਹੈ। ਇਨ੍ਹਾਂ ਦੇ ਪਿਤਾ ਦਾ ਨਾਮ ਡਾ. ਚਰਨ ਸਿੰਘ ਸੀ। ਇਹ ਆਪਣੇ ਸਮੇਂ ਦੇ ਸਾਹਿਤਕਾਰ ਵੀ ਸਨ। ਇਹ ਆਯੁਰਵੈਦਿਕ, ਹੋਮਿਓਪੈਥਿਕ ਅਤੇ ਪੱਛਮੀ ਚਕਿਤਸਾ ਦੇ ਮਾਹਿਰ/ਵੈਦ/ਡਾਕਟਰ ਸਨ। ਭਾਈ ਵੀਰ ਸਿੰਘ ਜੀ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਵੀ ਆਪਣੇ ਸਮੇਂ ਦੇ ਪ੍ਰਸਿੱਧ ਵਿਦਵਾਨ ਸਨ। ਭਾਈ ਵੀਰ ਸਿੰਘ ਦੇ ਸਮੇਂ ਨੂੰ 'ਪ੍ਰਵਰਤਨ ਕਾਲ' ਕਿਹਾ ਜਾਂਦਾ ਹੈ। ਉਸ ਸਮੇਂ ਸਮਾਜ ਕਈ ਪਾਸਿਆਂ ਤੋਂ ਵੱਖ-ਵੱਖ ਲਹਿਰਾਂ ਤੇ ਸਭਾਵਾਂ ਕਾਰਨ ਨਵੀਂ ਕਰਵਟ ਲੈ ਰਿਹਾ ਸੀ। ਭਾਈ ਵੀਰ ਸਿੰਘ ਅਜਿਹੇ ਬਦਲ ਰਹੇ ਕਾਲ ਦਾ ਪ੍ਰਮਾਣ ਵੀ ਸਨ ਤੇ ਕਾਰਨ ਵੀ। ਕਿਉਂਕਿ, ਅਸੀਂ ਭਾਈ ਵੀਰ ਸਿੰਘ ਨੂੰ ਜਾਣਨਾ ਹੈ, ਇਸ ਕਰਕੇ ਸਾਡੇ ਲਈ ਉਨ੍ਹਾਂ ਦੇ ਪਿਛੋਕੜ ਤੇ ਸਮਕਾਲ ਨੂੰ ਸਮਝਣਾ ਜ਼ਰੂਰੀ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ-ਚਲਾਣੇ (1839) ਤੋਂ ਬਾਅਦ ਰਾਜ ਦਰਬਾਰ ਵਿਚ ਖ਼ਾਨਾਜੰਗੀ ਛਿੜ ਗਈ ਸੀ। ਇਸ ਦੇ ਸਿੱਟੇ ਵਜੋਂ ਹੀ 1849 ਵਿਚ ਸਾਡਾ ਰਾਜ ਪੂਰੀ ਤਰ੍ਹਾਂ ਅੰਗਰੇਜ਼ ਸਾਮਰਾਜ ਦੇ ਅਧੀਨ ਹੋ ਗਿਆ। ਇਸ ਦੇ ਸਿੱਟੇ ਵਜੋਂ ਸਿੱਖ ਮਨਾਂ ਵਿਚ ਖ਼ਲਬਲੀ ਵੀ ਸੀ ਤੇ ਆਪਣੇ ਰਾਜ ਦੇ ਗੁਆਚ ਜਾਣ ਦੇ ਝੋਰੇ ਦੀ ਕਸਕ ਵੀ। ਦੂਜੇ ਪਾਸੇ ਅੰਗਰੇਜ਼ੀ ਰਾਜ ਨੇ ਬੜੇ ਚਤੁਰ ਤਰੀਕੇ ਨਾਲ ਆਪਣੀ ਪੱਛਮੀ ਉੱਚਤਾ ਦੇ ਪ੍ਰਚਾਰ ਦਾ ਹੱਲਾ ਬੋਲ ਦਿੱਤਾ ਸੀ। ਪੰਜਾਬ ਰਾਜਨੀਤਿਕ ਤੌਰ 'ਤੇ ਹਾਰ ਕੇ ਅੱਗੇ ਕਈ ਹੋਰ ਹਾਰਾਂ ਤੇ ਵੰਗਾਰਾਂ ਦੇ ਰੂਬਰੂ ਹੋ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹੀ ਈਸਾਈ ਪ੍ਰਚਾਰ ਦਾ ਮੁੱਢ ਬੱਝਣਾ ਸ਼ੁਰੂ ਹੋ ਰਿਹਾ ਸੀ। ਬਾਈਬਲ ਦਾ ਪਹਿਲਾ ਪੰਜਾਬੀ ਅਨੁਵਾਦ 1811 ਵਿਚ ਸਾਹਮਣੇ ਆਇਆ। ਫਿਰ 1837 ਵਿਚ 13 ਮੈਂਬਰੀ 'ਚਰਚ ਕਮੇਟੀ' ਦੀ ਸਥਾਪਨਾ ਹੋਈ। ਇਸੇ ਸਾਲ ਹੀ ਲੁਧਿਆਣਾ ਵਿਚ 'ਈਸਾਈ ਮਿਸ਼ਨ ਕੇਂਦਰ' ਸਥਾਪਤ ਕੀਤਾ ਗਿਆ। 1860 ਤਕ ਪੰਜਾਬ ਦੇ ਸਾਰੇ ਸ਼ਹਿਰਾਂ ਵਿਚ 'ਈਸਾਈ ਕੇਂਦਰ' ਸਥਾਪਤ ਹੋ ਚੁੱਕੇ ਸਨ। ਇਹ ਕੇਂਦਰ ਸਹਿਜੇ-ਸਹਿਜੇ ਆਪਣੇ ਪ੍ਰਚਾਰਕਾਂ ਦੇ ਪੈਰ ਪਿੰਡਾਂ ਵਿਚ ਵੀ ਪਸਾਰ ਰਹੇ ਸਨ। 1863 ਵਿਚ 'ਬਾਈਬਲ ਤੇ ਟ੍ਰੈਕਟ ਸੁਸਾਇਟੀ' ਕਾਇਮ ਕੀਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ 1853 ਤਕ ਦੋ ਹਜ਼ਾਰ ਸਿੱਖ ਈਸਾਈ ਬਣ ਗਏ ਸਨ। ਇਹ ਗਿਣਤੀ 1947 ਤਕ ਛੇ ਲੱਖ ਤਕ ਪਹੁੰਚ ਜਾਂਦੀ ਹੈ। ਅੰਗਰੇਜ਼ ਅਜਿਹੀ ਪਹਿਲੀ ਵਿਦੇਸ਼ੀ ਹਕੂਮਤ



**ਡਾ. ਮਹਿਲ ਸਿੰਘ**
ਪ੍ਰਿੰਸੀਪਲ
ਖ਼ਾਲਸਾ ਕਾਲਜ
ਅੰਮ੍ਰਿਤਸਰ
98722 66667
khalsacollegeamristar@
yahoo.com

ਸੀ ਜਿਸ ਨੇ ਕਿਸੇ ਸਿੱਧੀ ਸਖ਼ਤੀ ਦੀ ਥਾਂ ਪ੍ਰਚਾਰਕ ਸਾਧਨਾਂ ਰਾਹੀਂ ਭਾਰਤੀਆਂ ਨੂੰ ਈਸਾਈਅਤ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ। ਈਸਾਈ ਮੱਤ ਹਕੂਮਤ ਧਿਰ ਦਾ ਧਰਮ ਸੀ। ਇਸ ਦੇ ਪ੍ਰਚਾਰ ਵਿਚ ਕਈ ਲੋਭ-ਲਾਲਚ ਵੀ ਸ਼ਾਮਿਲ ਸਨ ਜੋ ਪੰਜਾਬੀਆਂ ਨੂੰ ਕਾਟ ਕਰ ਰਹੇ ਸਨ। ਅੰਗਰੇਜ਼ੀ ਹਕੂਮਤ ਦਾ ਵਿਸ਼ਵਾਸ਼ ਸੀ ਕਿ ਕਿਸੇ ਕੌਮ ਨੂੰ ਰਾਜਨੀਤਿਕ ਤੌਰ 'ਤੇ ਉਸ ਨੂੰ ਗ਼ੁਲਾਮ ਕਰ ਲੈਣ ਤੋਂ ਬਾਅਦ ਸਭਿਆਚਾਰਕ ਤੌਰ 'ਤੇ ਆਪਣੇ ਗਲਬੇ ਹੇਠ ਲਿਆਉਣਾ ਅਤਿ ਜ਼ਰੂਰੀ ਹੈ। ਅਜਿਹਾ ਕਰਨ ਨਾਲ ਹੀ ਹਕੂਮਤਾਂ ਆਪਣੇ ਰਾਜ ਦੀ ਉਮਰ ਵਧਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਥੇ ਅੰਗਰੇਜ਼ਾਂ ਦੇ ਈਸਾਈ ਮਿਸ਼ਨਰੀਆਂ ਦੀਆਂ ਪ੍ਰਚਾਰਕ ਨੀਤੀਆਂ ਦੀਆਂ ਕੁਝ ਮਿਸਾਲਾਂ ਦੇਣੀਆਂ ਯੋਗ ਹਨ।

ਸਭ ਤੋਂ ਪਹਿਲਾਂ ਅੰਗਰੇਜ਼ੀ ਦੇ ਨਾਵਲ **ਪਿਲਗ੍ਰਮ ਪ੍ਰੋਗਰੈਸ** ਦਾ ਪੰਜਾਬੀ ਅਨੁਵਾਦ ਕੀਤਾ ਗਿਆ। ਇਸ ਨੂੰ **ਮਸੀਹੀ ਮੁਸਾਫ਼ਰ ਦੀ ਯਾਤਰਾ** (1859) ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿਚ ਪ੍ਰਭੂ ਯਿਸੂ ਦੀ ਮਹਿਮਾ ਪੇਸ਼ ਹੋਈ ਹੈ। ਯਿਸੂ ਨੂੰ ਦਿਆਲੂ ਤੇ ਆਪਣੇ ਭਗਤਾਂ ਦੀ ਪੈਜ਼ ਰੱਖਣ ਵਾਲਾ ਕਿਹਾ ਗਿਆ ਹੈ। ਯਿਸੂ ਦੇ ਲੜ ਲੱਗੇ ਪਾਤਰਾਂ ਲਈ ਸਵਰਗ ਦੇ ਦੁਆਰ ਖੁੱਲ੍ਹਦੇ ਹਨ। ਇਸ ਨਾਵਲ ਵਿਚ ਭਾਵੇਂ ਭਾਰਤੀ ਧਰਮਾਂ ਜਾਂ ਦੇਵੀ-ਦੇਵਤਿਆਂ ਦੀ ਸਿੱਧੀ ਕੋਈ ਨੁਕਤਾਚੀਨੀ ਨਹੀਂ ਹੈ ਪਰ ਇਨ੍ਹਾਂ ਦੇ ਬਰਾਬਰ ਪ੍ਰੋਖ ਰੂਪ ਵਿਚ ਈਸਾਈ ਮੱਤ ਦੀ ਉੱਚਤਾ ਸੰਬੰਧੀ ਵੱਡੀ ਮਿੱਥ ਸਿਰਜੀ ਗਈ ਹੈ। ਇਸ ਤਰ੍ਹਾਂ ਦਾ ਅਗਲਾ ਮਹੱਤਵਪੂਰਨ ਨਾਵਲ **ਜੋਯੁਤਿਰੁਦਯ** (1882) ਹੈ। ਇਹ ਕਲਕੱਤੇ (ਬੰਗਾਲ) ਦੇ ਘਰਾਣੇ ਨਾਲ ਸੰਬੰਧਿਤ ਹੈ। ਇਸ ਵਿਚ ਭਾਰਤੀ ਔਰਤਾਂ ਨੂੰ ਅਸੱਭਿਅ ਤੇ ਹਰ ਪੱਖ ਤੋਂ ਪੱਛੜੀਆਂ ਕਿਹਾ ਗਿਆ ਹੈ। ਭਾਰਤੀ ਰੀਤੀ-ਰਿਵਾਜਾਂ ਦੀ ਨਿਖੇਧੀ ਕੀਤੀ ਗਈ ਹੈ। ਇਸ ਨਾਵਲ ਰਾਹੀਂ ਭਾਰਤੀ ਸੰਸਕ੍ਰਿਤੀ ਉੱਤੇ ਸਿੱਧਾ ਹਮਲਾ ਕੀਤਾ ਗਿਆ ਹੈ। ਜਿਵੇਂ-ਜਿਵੇਂ ਪੰਜਾਬ ਵਿਚ ਅੰਗਰੇਜ਼ਾਂ ਦੇ ਰਾਜਸੀ ਪੈਰ ਪੱਕੇ ਹੋ ਰਹੇ ਸਨ, ਤਿਵੇਂ-ਤਿਵੇਂ ਉਹਨਾਂ ਦੀ ਪ੍ਰਚਾਰਕ ਸੁਰ ਵੀ ਤਿੱਖੀ ਤੇ ਹਮਲਾਵਰ ਹੋ ਰਹੀ ਸੀ। ਅੰਗਰੇਜ਼ ਆਪਣੇ-ਆਪ ਨੂੰ ਸਰਵੋਤਮ 'ਸਭਿਅਕ ਕੌਮ' ਵਜੋਂ ਪ੍ਰਚਾਰ ਰਹੇ ਸਨ। ਇਸ ਕਰਕੇ ਉਹ ਆਪਣੇ ਰਾਜ ਨੂੰ ਗ਼ੁਲਾਮ ਕੌਮਾਂ ਨੂੰ ਸਭਿਅਕ ਬਣਾਉਣ ਦੀ ਕੋਸ਼ਿਸ਼ ਵਜੋਂ ਪੇਸ਼ ਕਰ ਰਹੇ ਸਨ। ਇਸ ਦਾ ਸਿਖ਼ਰ ਈਸਾਈ ਮਿਸ਼ਨਰੀਆਂ ਦੇ ਕੇਂਦਰ ਵੱਲੋਂ ਪ੍ਰਕਾਸ਼ਿਤ ਕਹਾਣੀ **'ਰੇਲ ਗੱਡੀ'** ਵਿਚ ਵੇਖਿਆ ਜਾ ਸਕਦਾ ਹੈ। ਇਸ ਕਹਾਣੀ ਵਿਚ ਗੋਬਿੰਦ ਰਾਮ ਬ੍ਰਾਹਮਣ ਨੂੰ ਆਪਣੇ ਕਿਸੇ ਰਿਸ਼ਤੇਦਾਰ ਦੀ ਮੌਤ 'ਤੇ ਛੇਤੀ ਪਹੁੰਚਣ ਦੀ ਮਜਬੂਰੀ ਬਣ ਜਾਂਦੀ ਹੈ। ਇਸ ਕਰਕੇ ਉਸ ਨੂੰ ਰੇਲ ਦਾ ਸਫ਼ਰ ਕਰਨਾ ਪੈਂਦਾ ਹੈ। ਗੋਬਿੰਦ ਰਾਮ ਨੂੰ ਰੇਲ ਦੇ ਡੱਬੇ ਵਿਚ ਹੋਰਨਾਂ ਜਾਤਾਂ ਦੇ ਨਾਲ ਬੈਠਣਾ ਪੈਂਦਾ ਹੈ। ਇਸ ਸੰਬੰਧੀ ਸ਼ੁਰੂ ਵਿਚ ਉਸ ਨੂੰ ਕੋਫ਼ਤ ਮਹਿਸੂਸ ਹੁੰਦੀ ਹੈ। ਅੰਗਰੇਜ਼ਾਂ ਦੀ ਅੰਗਰੇਜ਼ੀ ਸਭਿਅਤਾ ਵਿਚ ਆਵਾਜਾਈ ਦੇ ਵਿਕਸਿਤ ਸਾਧਨ ਸਨ। ਇਨ੍ਹਾਂ ਸਾਧਨਾਂ ਨੂੰ ਭਾਰਤੀ ਅਪਣਾ ਰਹੇ ਸਨ ਪਰ ਗੋਬਿੰਦ ਰਾਮ ਵਰਗੇ ਉੱਚੀ ਜਾਤ ਵਾਲੇ ਅਜਿਹਾ ਕਰਨ ਤੋਂ ਕੰਨੀ ਕਤਰਾ ਰਹੇ ਸਨ। ਇਸ ਕਹਾਣੀ ਦਾ ਇਕ ਹੋਰ ਪਾਤਰ ਤਾਰਾ ਚੰਦ ਹਿੰਦੂ ਧਰਮ ਤੋਂ ਨਿਰਾਸ਼ ਹੋ ਕੇ ਈਸਾਈਅਤ ਦੇ ਰਾਹ ਤੁਰ ਪੈਂਦਾ ਹੈ। ਗੋਬਿੰਦ ਰਾਮ ਵੀ ਅਖ਼ੀਰ ਅੰਗਰੇਜ਼ੀ ਰਾਜ ਦੇ ਨਵੇਂ ਸਾਧਨਾਂ ਦਾ ਕਾਇਲ ਹੁੰਦਾ ਵਿਖਾਈ ਦੇਂਦਾ ਹੈ। ਇਸ ਤਰ੍ਹਾਂ ਅੰਗਰੇਜ਼ੀ ਰਾਜ ਵਿਚ ਆਵਾਜਾਈ ਲਈ ਆਈ ਰੇਲ ਰਾਹੀਂ ਵੀ ਈਸਾਈਅਤ ਦੇ ਪ੍ਰਚਾਰ ਦੀ ਗੱਡੀ ਚੱਲ ਪੈਂਦੀ ਹੈ। ਭਾਰਤੀ ਲੋਕ ਨਵੇਂ ਸੰਦਾਂ-ਸਾਧਨਾਂ ਦੇ ਸੋਹਲੇ ਗਾਉਣ ਲੱਗਦੇ ਹਨ। ਹਾਕਮਾਂ ਜਾਂ ਹਕੂਮਤਾਂ ਦੇ ਧਰਮ ਦੀਆਂ ਆਪਣੀਆਂ ਰਾਜਸੀ ਬਰਕਤਾਂ ਤੇ ਤਾਕਤਾਂ ਦਾ ਜਾਦੂ ਵੀ ਸਿਰ ਚੜ੍ਹ ਬੋਲਣਾ ਹੀ ਸੀ। ਕਈ ਹੋਰ ਲੋਭ-ਲਾਲਚਾਂ ਕਾਰਣ ਲੋਕ ਇਹ ਆਪਣੀ ਸੰਸਕ੍ਰਿਤੀ ਨੂੰ ਪੱਛੜੀ ਸਮਝ ਕੇ ਅੰਗਰੇਜ਼ੀ ਸੰਸਕ੍ਰਿਤੀ ਵੱਲ ਮੋੜਾ ਕੱਟ ਰਹੇ ਸਨ।

ਅੰਗਰੇਜ਼ੀ ਰਾਜ ਅਧੀਨ ਅਜਿਹਾ ਰੁਝਾਣ ਸਾਰੇ ਦਾਨਿਸ਼ਵਰ ਤੇ ਸਿੱਖ ਸਿਆਣਿਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ। ਇਸ ਦੇ ਸਿੱਟੇ ਵਜੋਂ ਹੀ 'ਸਿੰਘ ਸਭਾ ਲਹਿਰ' (1873) ਸਥਾਪਿਤ ਕੀਤੀ ਗਈ। ਫਿਰ 'ਸਿੰਘ ਸਭਾ ਲਹਿਰ ਲਾਹੌਰ' (1879) ਸਥਾਪਿਤ ਹੋਈ। ਇਨ੍ਹਾਂ ਸਮਿਆਂ ਵਿਚ ਹੀ 'ਖ਼ਾਲਸਾ ਦੀਵਾਨ' (1883) ਹੋਂਦ ਵਿਚ ਆਈ। ਅਜਿਹੇ ਦੀਵਾਨ ਦੀਆਂ ਵੱਖ-ਵੱਖ ਸ਼ਾਖ਼ਾਵਾਂ ਲਈ 'ਚੀਫ਼ ਖ਼ਾਲਸਾ ਦੀਵਾਨ' (1901) ਬਣ ਗਈ। ਇਨ੍ਹਾਂ ਸਿੰਘ ਸਭਾਵਾਂ ਤੇ ਲਹਿਰਾਂ ਨੇ ਈਸਾਈ ਮਿਸ਼ਨਰੀਆਂ ਵਾਂਗ ਹੀ ਪ੍ਰਚਾਰ ਦੇ ਨਵੇਂ ਮਾਧਿਅਮ ਅਪਨਾਉਣੇ ਸ਼ੁਰੂ ਕੀਤੇ। ਭਾਈ ਵੀਰ ਸਿੰਘ ਦੇ ਜਵਾਨੀ ਵੇਲੇ ਤਕ ਸਿੱਖ ਧਾਰਮਿਕ ਸਿੰਘ ਸਭਾਵਾਂ ਤੇ ਲਹਿਰਾਂ ਹੋਂਦ ਵਿਚ ਆ ਚੁੱਕੀਆਂ ਸਨ। ਭਾਈ ਵੀਰ ਸਿੰਘ ਇਨ੍ਹਾਂ ਦੇ ਪ੍ਰਭਾਵ ਹੇਠ ਹੀ ਸੀ ਅਤੇ ਬਾਅਦ ਵਿਚ ਉਹ ਇਨ੍ਹਾਂ ਸਿੱਖ ਸੰਗਠਨਾਂ ਦਾ ਸਭ ਤੋਂ ਵੱਡਾ ਪ੍ਰਵਕਤਾ ਤੇ ਪ੍ਰਚਾਰਕ ਬਣ ਗਿਆ। ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਨਾਲ ਆਧੁਨਿਕ ਸਾਹਿਤ ਰੂਪਾਂ ਦੇ ਨਮੂਨੇ ਸਾਹਮਣੇ ਆ ਗਏ ਸਨ। ਇਸ ਕਰਕੇ ਸਾਡੇ ਲੇਖਕਾਂ ਦਾ ਆਪਣੇ ਪ੍ਰਚਾਰ ਲਈ ਇਨ੍ਹਾਂ ਰੂਪਾਂ ਨੂੰ ਅਪਣਾ ਲੈਣਾ ਸਮੇਂ ਦੀ ਵੱਡੀ ਲੋੜ ਸੀ। ਇਸ ਕਰਕੇ ਆਪਣੇ ਪ੍ਰਚਾਰ

ਲਈ ਭਾਈ ਵੀਰ ਸਿੰਘ ਨੇ ਅੰਮ੍ਰਿਤਸਰ ਵਿਖੇ 'ਵਜ਼ੀਰ ਹਿੰਦ ਪ੍ਰੈੱਸ' (1898) ਦੀ ਸਥਾਪਨਾ ਕੀਤੀ। 'ਖ਼ਾਲਸਾ ਟ੍ਰੈਕਟ ਸੁਸਾਇਟੀ' (1893) ਬਣਾਈ ਗਈ। 'ਨਿਰਗੁਣਿਆਰਾ ਪੱਤ੍ਰਿਕਾ', 'ਗੁਰਮੁਖੀ ਅਖ਼ਬਾਰ' ਤੇ 'ਖ਼ਾਲਸਾ ਸਮਾਚਾਰ' (1899) ਸ਼ੁਰੂ ਕੀਤਾ ਗਿਆ। ਈਸਾਈ ਮਿਸ਼ਨਰੀ ਜਿੱਥੇ ਈਸਾਈਅਤ ਦੇ ਗੁਣਾਂ ਦਾ ਪ੍ਰਚਾਰ ਕਰ ਰਹੇ ਸਨ, ਉਥੇ 'ਸਿੰਘ ਸਭਾ ਲਹਿਰ' ਤੇ 'ਚੀਫ਼ ਖ਼ਾਲਸਾ ਦੀਵਾਨ' ਨਾਲ ਜੁੜੇ ਲੇਖਕਾਂ ਨੇ ਸਿੱਖੀ ਉੱਚਤਾ ਦਾ ਪ੍ਰਚਾਰ ਆਰੰਭ ਕੀਤਾ। ਇਨ੍ਹਾਂ ਸਿੰਘ ਸਭਾਵਾਂ, ਸਿੱਖ ਵਿਦਿਅਕ ਅਦਾਰਿਆਂ ਅਤੇ ਪੰਜਾਬੀ ਪੱਤਰਕਾਰੀ ਨੇ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਨੂੰ ਪ੍ਰਸਾਰਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਇਸ ਸਬੰਧੀ ਭਾਈ ਵੀਰ ਸਿੰਘ ਜੀ ਦੀ ਦੇਣ ਵੀ ਬਹੁਤ ਵਡਮੁੱਲੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਸਾਡੇ ਆਜ਼ਾਦੀ ਦੀ ਜਾਗ੍ਰਿਤੀ ਦਾ ਪਹਿਲਾ ਪੜਾਅ ਧਾਰਮਿਕ ਕਿਸਮ ਦਾ ਹੀ ਸੀ। ਇਹ ਧਾਰਮਿਕ ਪੜਾਅ ਹੀ ਅੱਗੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਰਾਸ਼ਟਰੀ ਲਹਿਰਾਂ ਦੇ ਰੂਪ ਵਿਚ ਕਰਵੱਟ ਲੈਂਦਾ ਹੈ। ਇਸ ਦੇ ਸਿੱਟੇ ਵਜੋਂ ਹੀ ਸਿੱਖਾਂ ਦਾ ਵੱਡਾ ਨੇਤਾ ਮਾਸਟਰ ਤਾਰਾ ਸਿੰਘ ਪਹਿਲਾਂ 'ਪੰਥ ਆਜ਼ਾਦ ਤਾਂ ਦੇਸ਼ ਆਜ਼ਾਦ' ਤੇ ਫਿਰ 'ਦੇਸ਼ ਆਜ਼ਾਦ ਤਾਂ ਪੰਥ ਆਜ਼ਾਦ' ਦੇ ਨਾਹਰੇ ਲਾਉਣ ਲੱਗਦਾ ਹੈ।

ਸਿੱਖ ਧਾਰਮਿਕ ਜਾਗ੍ਰਿਤੀ ਦੇ ਕਾਲ ਵਿਚ ਭਾਈ ਵੀਰ ਸਿੰਘ ਸਿੱਖ ਇਤਿਹਾਸ ਦੇ ਗੌਰਵ ਨੂੰ ਪ੍ਰਗਟਾਉਣ ਵਾਲਾ ਸਭ ਤੋਂ ਵੱਡਾ ਲੇਖਕ ਹੈ। ਉਸ ਨੇ ਸਾਰੇ ਹੀ ਆਧੁਨਿਕ ਪੰਜਾਬੀ ਸਾਹਿਤ ਰੂਪਾਂ ਦਾ ਮੁੱਢ ਬੰਨ੍ਹਿਆਂ। ਭਾਈ ਵੀਰ ਸਿੰਘ ਨੇ ਕਵਿਤਾ, ਕਹਾਣੀ, ਨਾਟਕ, ਨਾਵਲ, ਵਾਰਤਕ, ਟੀਕਾਕਾਰੀ ਤੇ ਸੰਪਾਦਨਾ ਸੰਬੰਧੀ ਅਨੇਕਾਂ ਸਾਹਿਤਕ ਕਾਰਜਾਂ ਦੀ ਸ਼ੁਰੂਆਤ ਕੀਤੀ। ਇਸ ਕਰਕੇ ਹੀ ਭਾਈ ਵੀਰ ਸਿੰਘ ਨੂੰ 'ਆਧੁਨਿਕ ਪੰਜਾਬੀ ਸਾਹਿਤ ਰੂਪਾਂ ਦਾ ਪਿਤਾਮਾ' ਮੰਨਿਆਂ ਜਾਂਦਾ ਹੈ। ਭਾਈ ਵੀਰ ਸਿੰਘ ਨੇ ਆਪਣੀ ਵਧੇਰੇ ਗਲਪਕਾਰੀ ਵਿਚ ਅਠਾਰ੍ਹਵੀਂ ਸਦੀ ਦੇ ਸਿੱਖ ਇਤਿਹਾਸ ਦਾ ਗੌਰਵ ਪੇਸ਼ ਕੀਤਾ ਹੈ ਕਿਉਂਕਿ ਅਠਾਰ੍ਹਵੀਂ ਸਦੀ ਦੇ ਵੱਡੇ ਸੰਘਰਸ਼ ਤੋਂ ਬਾਅਦ ਹੀ ਸਿੱਖ ਪਹਿਲਾਂ ਮਿਸਲਦਾਰ ਹੋਏ ਸਨ ਤੇ ਫਿਰ ਆਪਣਾ ਰਾਜ ਸਥਾਪਤ ਕਰਨ ਤਕ ਪਹੁੰਚੇ ਸਨ। ਭਾਈ ਵੀਰ ਸਿੰਘ ਦੇ ਨਾਵਲ **ਸੁੰਦਰੀ** (1897) ਦੀ ਨਾਇਕਾ ਆਪਣੀ ਸਿੱਖੀ ਮਰਯਾਦਾ ਵਿਚ ਪਰਪੱਕ ਵਿਖਾਈ ਗਈ ਹੈ। ਇਹ ਹਰ-ਹਾਲ ਮੁਗ਼ਲਾਂ ਦੀ ਕੈਦ ਵਿਚ ਆਪਣਾ ਜਤ-ਸਤ ਕਾਇਮ ਰੱਖਦੀ ਹੈ। ਸਿੱਖੀ ਦੇ ਓਟ ਆਸਰੇ ਨਾਲ ਸੁੰਦਰੀ ਸੰਕਟ ਮੁਕਤ ਹੁੰਦੀ ਹੈ। ਅਖੀਰ ਇਹ ਸਿੱਖ ਜੱਥਿਆਂ ਵਿਚ ਰਲ ਗਏ ਆਪਣੇ ਭਰਾ ਦੀ ਮਦਦ ਨਾਲ ਮੁਗ਼ਲਾਂ ਦੀ ਕੈਦ 'ਚੋਂ ਮੁਕਤ ਹੋ ਜਾਂਦੀ ਹੈ। **ਬਿਜੈ ਸਿੰਘ** (1898) ਨਾਵਲ ਦਾ ਨਾਇਕ ਬਿਜੈ ਸਿੰਘ ਸਿੱਖ ਜੱਥਿਆਂ ਦਾ ਜਥੇਦਾਰ ਵਿਖਾਇਆ ਗਿਆ ਹੈ। ਇਹ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਦਾ ਮੋਹਰੀ ਪਾਤਰ ਹੈ। ਇਹ ਉੱਚੇ-ਸੁੱਚੇ ਸਿੱਖੀ ਕਿਰਦਾਰ ਦਾ ਆਦਰਸ਼ਕ ਮਾਡਲ ਹੈ। **ਸਤਵੰਤ ਕੌਰ** (1900) ਨਾਵਲ ਵਿਚ ਸਿੱਖ ਔਰਤ ਦੇ ਜ਼ਬਰੀ ਉਧਾਲੇ ਦੀ ਕਥਾ ਪੇਸ਼ ਹੋਈ ਹੈ। ਪਰ ਇਸ ਨਾਵਲ ਵਿਚ ਵੀ ਮੁਸਲਮਾਨ ਔਰਤ ਪਾਤਰ ਦੀ ਮਦਦ ਨਾਲ ਸਤਵੰਤ ਕੌਰ ਆਪਣੇ ਸੰਕਟ ਵਿਚੋਂ ਬਚ ਨਿਕਲਦੀ ਹੈ। ਇਨ੍ਹਾਂ ਤਿੰਨੋਂ ਨਾਵਲਾਂ ਦਾ ਸਮਾਂ-ਸਥਾਨ ਅਠਾਰ੍ਹਵੀਂ ਸਦੀ ਨਾਲ ਸੰਬੰਧਿਤ ਹੈ। ਇਨ੍ਹਾਂ ਰਾਹੀਂ ਭਾਈ ਵੀਰ ਸਿੰਘ ਇਹ ਸੁਨੇਹਾ ਦੇਂਦਾ ਹੈ ਕਿ ਅਸੀਂ (ਸਿੱਖ) ਅਨਿਆਂ ਤੇ ਜ਼ੁਲਮੀ ਰਾਜ ਹੇਠ ਵਗਣ ਵਾਲੇ ਨਹੀਂ ਹਾਂ, ਬਲਕਿ ਆਪਣੇ ਧਰਮ ਤੇ ਨਿਆਂ ਲਈ ਸੰਘਰਸ਼ ਕਰਨ ਵਾਲੇ ਲੋਕ ਹਾਂ। ਭਾਈ ਵੀਰ ਸਿੰਘ ਨੇ ਆਪਣੇ ਅਗਲੇ ਨਾਵਲ **ਬਾਬਾ ਨੌਧ ਸਿੰਘ** (1917) ਵਿਚ ਸਾਡੇ ਵਿਰਸੇ ਨੂੰ ਵਡਿਆਇਆ ਹੈ। ਅੰਗਰੇਜ਼ੀ ਰਾਜ ਨਾਲ ਆਈਆਂ ਸੰਸਥਾਵਾਂ ਥਾਣੇ-ਕਚਿਹਰੀਆਂ ਨੂੰ ਬੰਦੇ ਦੀ ਖੱਜਲ-ਖੁਆਰੀ ਦਾ ਪਿੜ ਮੰਨਿਆ ਗਿਆ ਹੈ। ਭਾਈ ਵੀਰ ਸਿੰਘ ਆਪਣੇ ਨਾਵਲਾਂ ਵਿਚ ਵਾਰ-ਵਾਰ ਆਪਣੇ ਫ਼ਿਰਕਿਆਂ ਦੀ ਪਾਟੋ-ਝਾੜ ਤੋਂ ਚਿੰਤਤ ਵਿਖਾਈ ਦੇਂਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖਾਂ ਦੀ ਕਈ ਪੱਖਾਂ ਤੋਂ ਹਿੰਦੂ ਤੇ ਮੁਸਲਮਾਨ ਪਾਤਰਾਂ ਨਾਲ ਵਿਸ਼ੇਸ਼ ਸਾਂਝ ਵਿਖਾਈ ਗਈ ਹੈ। ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਬਹੁਤ ਸਾਰੇ ਹਿੰਦੂ ਪਾਤਰ ਸਿੱਖ ਜੱਥਿਆਂ ਵਿਚ ਸ਼ਾਮਿਲ ਹੁੰਦੇ ਹਨ। ਨਾਲ ਹੀ ਅੱਗੇ ਬਾਬਾ ਨੌਧ ਸਿੰਘ ਨਾਵਲ ਵਿਚ ਸਮਕਾਲ ਦੇ ਪ੍ਰਸੰਗ ਵਿਚ ਸੁਭਾਗ ਨਾਂ ਦੀ ਔਰਤ ਦੇ ਸੰਦਰਭ ਵਿਚ ਆਪਣੀਆਂ ਕੁਰੀਤੀਆਂ ਨੂੰ ਦੂਰ ਕਰਨ ਦੀ ਸੁਰ ਉੱਭਰਦੀ ਹੈ। ਈਸਾਈ ਮਿਸ਼ਨਰੀ ਜਿਥੇ ਅੰਗਰੇਜ਼ੀ ਰਾਜ ਨੂੰ 'ਕਾਨੂੰਨ ਦਾ ਰਾਜ' ਕਹਿ ਰਹੇ ਸਨ, ਉਥੇ ਭਾਈ ਵੀਰ ਸਿੰਘ ਅਜਿਹੇ ਰਾਜ ਨੂੰ ਆਮ ਬੰਦੇ ਲਈ ਕਈ ਮੁਸ਼ਕਿਲਾਂ ਦਾ ਕਾਰਣ ਮੰਨਦਾ ਹੈ। ਉਹ ਅੰਗਰੇਜ਼ੀ ਰਾਜ ਵਿਰੁੱਧ ਆਪਸੀ ਸਾਂਝ, ਏਕਤਾ ਤੇ ਭਾਈਚਾਰੇ ਦੀ ਮਜ਼ਬੂਤੀ ਦਾ ਦਾਅਵੇਦਾਰ ਹੈ। ਉਹ ਇਤਿਹਾਸ ਦੇ ਹਵਾਲੇ ਨਾਲ ਅੰਗਰੇਜ਼ੀ ਰਾਜ ਵਿਰੁੱਧ ਭਾਰਤੀ ਫ਼ਿਰਕਿਆਂ ਨੂੰ ਆਪਸੀ ਏਕਤਾ ਦੇ ਗਠਜੋੜ ਵਜੋਂ ਇਕ ਵੱਡੀ ਤਾਕਤ ਦੇ ਰੂਪ ਵਿਚ ਵੇਖਣਾ ਚਾਹੁੰਦਾ ਹੈ। ਭਾਈ ਵੀਰ ਸਿੰਘ ਦੀ ਸਮੁੱਚੀ ਸੁਰ ਆਪਣੇ ਸਿੱਖ ਵਿਰਸੇ ਦੀ ਤਰਫ਼ਦਾਰੀ ਤੇ ਭਾਰਤੀ ਫ਼ਿਰਕਿਆਂ ਦੀ

ਆਪਸੀ ਏਕਤਾ ਨੂੰ ਸਮਰਪਿਤ ਹੈ। ਅੰਗਰੇਜ਼ ਆਪਣਾ ਬਸਤੀਵਾਦ/ਸਾਮਰਾਜ ਫੈਲਾਅ ਰਹੇ ਸਨ। ਅੰਗਰੇਜ਼ੀ ਰਾਜ, ਅੰਗਰੇਜ਼ੀ ਕੌਮ ਤੇ ਪੱਛਮੀ ਸਭਿਆਚਾਰ ਦੇ ਉੱਤਮ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਸੀ। ਨਾਲ ਹੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਵਰਤੀ ਜਾ ਰਹੀ ਸੀ। ਇਸ ਕਰਮ ਦੇ ਪ੍ਰਤਿਕਰਮ ਵਜੋਂ ਹੀ ਭਾਈ ਵੀਰ ਸਿੰਘ ਦੇ ਨਾਵਲ ਹਨ। ਅੰਗਰੇਜ਼ੀ ਸ਼ਾਵਨਵਾਦ ਦੇ ਉਲਟ ਸਾਡੇ ਲੇਖਕ ਆਪਣੀ ਕੌਮ ਪਹਿਚਾਣ ਦੇ ਬਚਾਅ ਲਈ ਅੱਗੇ ਆ ਰਹੇ ਸਨ। ਇਹ ਸਿੱਧੀ ਰਾਜਨੀਤਕ ਨਹੀਂ, ਪਰ ਸਾਹਿਤਕ ਪੈਂਤੜੇ ਤੋਂ ਵਿਦੇਸ਼ੀ ਰਾਜ ਵਿਰੁੱਧ ਲੜੀ ਜਾ ਰਹੀ ਮੌਕੇ ਮੁਤਾਬਕ ਢੁੱਕਵੀਂ ਲੜਾਈ ਸੀ। ਅਜਿਹੇ ਸਾਹਿਤਕ ਵਿਰੋਧ ਜਾਂ ਸੰਘਰਸ਼ ਨਾਲ ਕੌਮ ਵਿਚ ਵੱਡੀ ਜਾਗਰਤੀ ਆ ਰਹੀ ਸੀ। ਇਹ ਵੀ ਜ਼ਿਕਰਯੋਗ ਹੈ ਕਿ **ਸੁੰਦਰੀ** ਨਾਵਲ ਦੇ ਇਕਵੰਜਾ ਐਡੀਸ਼ਨ ਛਪ ਚੁੱਕੇ ਹਨ। **ਸੁੰਦਰੀ** ਨਾਵਲ ਨੂੰ ਪਾਠਕ ਆਪਣੇ ਰੁਮਾਲਿਆਂ ਤੇ ਰੁਮਾਲਾਂ ਵਿਚ ਸਾਂਭ ਕੇ ਸਨਮਾਨ ਦੇਂਦੇ ਸਨ। ਇਸ ਤੋਂ ਭਾਈ ਵੀਰ ਸਿੰਘ ਸਾਹਿਤ ਸਾਧਨਾਂ ਦੀ ਵੱਡੀ ਲੋੜ, ਮਹੱਤਤਾ, ਮਾਨਤਾ ਤੇ ਸਤਿਕਾਰ ਦਾ ਪਤਾ ਲੱਗਦਾ ਹੈ। **ਸੁੰਦਰੀ** ਨਾਵਲ ਪੜ੍ਹ ਕੇ ਹੀ ਹਿੰਦੂ ਪਰਿਵਾਰ ਦਾ ਨੌਜਵਾਨ ਨਾਨਕ ਚੰਦ ਸਿੱਖੀ ਵੇਸ ਧਾਰਨ ਕਰਕੇ ਤਾਰਾ ਸਿੰਘ ਬਣ ਜਾਂਦਾ ਹੈ। ਫਿਰ ਇਹ ਮਾਸਟਰ ਤਾਰਾ ਸਿੰਘ ਦੇ ਨਾਮ ਵਜੋਂ ਸਿੱਖਾਂ ਦਾ ਵੱਡਾ ਨੇਤਾ ਅਤੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਦਾ ਹੈ। ਇਸ ਤੋਂ ਸਾਹਿਤ ਦੇ ਜਾਦੂ ਜਾਂ ਅਸਰ ਦਾ ਭਲੀ-ਭਾਂਤ ਪਤਾ ਲੱਗ ਜਾਂਦਾ ਹੈ।

ਨਾਵਲਾਂ ਤੋਂ ਇਲਾਵਾ ਭਾਈ ਵੀਰ ਸਿੰਘ ਨੇ ਪ੍ਰਾਚੀਨ ਸਿੱਖ ਗ੍ਰੰਥਾਂ ਤੇ ਜਨਮ-ਸਾਖੀਆਂ ਸੰਬੰਧੀ ਸੋਧ-ਸੁਧਾਈ ਤੇ ਸੰਪਾਦਨਾ ਦਾ ਵੀ ਬਹੁਤ ਵਡਮੁੱਲਾ ਕਾਰਜ ਕੀਤਾ ਹੈ। ਭਾਈ ਵੀਰ ਸਿੰਘ ਦੀਆਂ ਗੁਰੂ ਸਾਹਿਬਾਨ ਬਾਰੇ ਲਿਖੀਆਂ ਜੀਵਨੀਆਂ ਇਕ ਮੌਲਿਕ ਖ਼ਜ਼ਾਨੇ ਵਜੋਂ ਪੰਜਾਬੀ ਵਾਰਤਕ ਦਾ ਉੱਤਮ ਨਮੂਨਾ ਹਨ। ਗੁਰੂ ਸਾਹਿਬਾਨ ਬਾਰੇ ਉਨ੍ਹਾਂ ਦੀਆਂ **ਸ੍ਰੀ ਗੁਰੂ ਨਾਨਕ ਚਮਤਕਾਰ** ਤੇ **ਸ੍ਰੀ ਅਸ਼ਟ ਗੁਰੂ ਚਮਤਕਾਰ** ਪੜ੍ਹਨਯੋਗ ਦੁਰਲੱਭ ਰਚਨਾਵਾਂ ਹਨ। ਭਾਈ ਵੀਰ ਸਿੰਘ ਨੇ **ਪ੍ਰਾਚੀਨ ਪੰਥ ਪ੍ਰਕਾਸ਼**, **ਪੁਰਾਤਨ ਜਨਮ ਸਾਖੀ** ਅਤੇ **ਸਾਖੀ ਪੋਥੀ** ਦੀ ਕਈ ਪੱਖਾਂ ਤੋਂ ਸੁਧਾਈ ਕਰਕੇ ਸੰਪਾਦਨਾ ਕੀਤੀ ਹੈ। ਅਜਿਹੀ ਖੋਜੀ ਬਿਰਤੀ ਤੇ ਵਿਦਵਾਨੀ ਕਾਰਜ ਕਰਕੇ ਹੀ ਭਾਈ ਵੀਰ ਸਿੰਘ ਨੂੰ ਸਤਿਕਾਰ ਵਜੋਂ 'ਵੀਹਵੀਂ ਸਦੀ ਦਾ ਭਾਈ ਗੁਰਦਾਸ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਕਰਕੇ ਭਾਈ ਵੀਰ ਸਿੰਘ ਦੀ ਵਿਦਵਾਨੀ ਦਾ ਸਿੱਖ ਹਲਕਿਆਂ ਵਿਚ ਬਹੁਤ ਵੱਡਾ ਸਤਿਕਾਰ ਹੈ।

ਭਾਈ ਵੀਰ ਸਿੰਘ ਸਾਡਾ ਪਹਿਲਾ ਮੋਢੀ ਤੇ ਵੱਡਾ ਆਧੁਨਿਕ ਕਵੀ ਵੀ ਹੈ। ਇਸ ਦੀਆਂ **ਦਿਲ ਤਰੰਗ**, **ਤ੍ਰੇਲ ਤੁਪਕੇ**, **ਲਹਿਰਾਂ ਦੇ ਹਾਰ**, **ਮੇਰੇ ਸਾਈਆਂ ਜੀਓ** ਅਤੇ **ਰਾਣਾ ਸੂਰਤ ਸਿੰਘ** (ਮਹਾਂ-ਕਾਵਿ) ਪ੍ਰਸਿੱਧ ਕਾਵਿ ਪੁਸਤਕਾਂ ਹਨ। **ਮੇਰੇ ਸਾਈਆਂ ਜੀਓ ਪੁਸਤਕ** 'ਤੇ ਭਾਈ ਵੀਰ ਸਿੰਘ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਵੱਡਾ ਪੁਰਸਕਾਰ ਪ੍ਰਾਪਤ ਹੋਇਆ ਸੀ। ਇਹ ਪੰਜਾਬੀ ਦੇ ਕਵੀ/ਸਾਹਿਤਕਾਰ ਨੂੰ ਸਭ ਤੋਂ ਪਹਿਲਾਂ ਸਨਮਾਨ/ਸਤਿਕਾਰ ਸੀ। ਭਾਈ ਵੀਰ ਸਿੰਘ ਨੂੰ 'ਸੰਤ ਕਵੀ' ਤੇ 'ਕੁਦਰਤ ਦਾ ਕਵੀ' ਵੀ ਕਿਹਾ ਜਾਂਦਾ ਹੈ। ਇਸ ਨੂੰ 'ਪੰਜਾਬੀ ਦਾ ਵਰਡਜ਼ਵਰਥ' ਹੋਣ ਦਾ ਮਾਣ ਹਾਸਿਲ ਹੈ। ਭਾਈ ਵੀਰ ਸਿੰਘ ਨੂੰ 'ਵੀਹਵੀਂ ਸਦੀ ਦੇ ਸਭ ਤੋਂ ਵੱਡੇ ਸਾਹਿਤਕਾਰ' ਹੋਣ ਦਾ ਵਿਸ਼ੇਸ਼ਣੀ ਸੰਬੋਧਨ ਵੀ ਹਾਸਿਲ ਹੈ। ਸਾਡੀ ਲੋਕ ਸਿਆਣਪਾਂ ਵਿਚ ਅਜਿਹੇ ਵਿਸ਼ੇਸ਼ਣ ਕਿਓਂ ਹਨ ? ਇਸ ਦੇ ਕਈ ਪ੍ਰਮਾਣ ਤੇ ਕਾਰਨ ਹਨ। ਭਾਈ ਵੀਰ ਸਿੰਘ ਦੀ ਕਵਿਤਾ ਮਨੁੱਖੀ ਜੀਵਨ ਦੀ ਹੋਂਦ ਦੇ ਫ਼ਲਸਫ਼ੇ ਨੂੰ ਮੁਖਾਤਬ ਹੈ। ਇਹ ਕੁਦਰਤ/ਬ੍ਰਹਮ ਨੂੰ ਵੀ ਸੰਬੋਧਿਤ ਹੈ। ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਦੇ ਵੱਖ-ਵੱਖ ਕਾਵਿ-ਟੋਟਿਆਂ ਵਿਚੋਂ ਅਜਿਹੀ ਵੰਨਗੀ ਭਲੀ-ਭਾਂਤ ਪਛਾਣੀ ਜਾ ਸਕਦੀ ਹੈ :

*'ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ...'*

ਕਵਿਤਾ ਵਿਚ ਸਮੇਂ ਦੇ ਅਨੰਤ ਤੇ ਬੇਰੋਕ ਵਰਤਾਰੇ ਦਾ ਸੱਚ ਪ੍ਰਗਟ ਹੋਇਆ ਹੈ।

*'ਬੈਠਿ ਵੇ ਗਿਆਨੀ ਬੁਧਿ ਮੰਡਲੇ ਦੀ ਕੈਦ ਵਿਚ ਵਲਵਲੇ ਦੇ ਦੇਸ਼ ਸਾਡੀਆਂ ਲੱਗ ਗਈਆਂ ਉਡਾਰੀਆਂ...'*

...

*'ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ ਅਸੀਂ ਧਾ ਗਲਵਕੜੀ ਪਾਈ...'*

...

*'ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ, ਖੁੰਬ ਚਾੜ੍ਹ, ਰੰਗਣ ਭੀ ਧਰਿਆ,*
*ਰੰਗ ਨ ਏਸ ਵਟਾਇਆ ਵਿੱਛੁੜ ਕੇ ਕਾਲਕ ਸੀ ਆਈ, ਬਿਨ ਮਿਲਿਆਂ ਨਹੀਂ ਲਹਿੰਦੀ :*

ਇਨ੍ਹਾਂ ਕਵਿਤਾਵਾਂ ਵਿਚ ਮਨੁੱਖੀ ਮਨ ਦੇ ਭਾਵਾਂ, ਵਲਵਲਿਆਂ, ਵਿਛੋੜੇ, ਮਿਲਾਪ ਦੇ ਅਨੁਭੂਤੀ ਰੂਪ ਦੀ

ਕਾਵਿ ਉਡਾਰੀ ਪੇਸ਼ ਹੋਈ ਹੈ। ਭਾਈ ਵੀਰ ਸਿੰਘ ਆਪਣੀ ਕਵਿਤਾ ਵਿਚ ਸਿੱਧੇ ਵਸਤੂ ਯਥਾਰਥ ਦੀ ਥਾਂ ਮਨੋ-ਮਸਤਕ ਵਿਚ ਵਿਚਰਦੇ ਹੋਏ ਉੱਚੀਆਂ-ਸੁੱਚੀਆਂ ਕਦਰਾਂ ਨੂੰ ਪ੍ਰਗਟਾਉਂਦੇ ਹਨ।

*'ਡਾਲੀ ਨਾਲੋਂ ਤੋੜ ਨਾ ਅਸਾਨੂੰ ਅਸੀਂ ਹੱਟ ਮਹਿਕ ਦੀ ਲਾਈ...'*

ਕਵਿਤਾ ਵਿਚ ਫੁੱਲ ਅਰਥਾਤ ਕੁਦਰਤ ਦੇ ਸੁਹੱਪਣ ਦੀ ਮਹਿਮਾ ਦਾ ਗੁਣਗਾਣ ਹੈ।

*'ਵੈਰੀ ਨਾਗ ਤੇਰਾ ਪਹਿਲਾ ਝਲਕਾ ਜਦ ਅੱਖੀਆਂ ਵਿਚ ਵੱਜਦਾ'*

ਕਵਿਤਾ ਵਿਚ ਕਵੀ ਨੇ ਕਾਦਰ ਦੀ ਕੁਦਰਤ ਦੇ ਅਦੁੱਤੀ, ਅਨੰਤ ਤੇ ਬੇਅੰਤ ਅਤੇ ਸ਼ਕਤੀਸ਼ਾਲੀ ਵਰਤਾਰੇ ਦਾ ਕਾਵਿ-ਬਿੰਬ ਪੇਸ਼ ਕੀਤਾ ਹੈ।

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਕੁਦਰਤ/ਸ੍ਰਿਸ਼ਟੀ/ਬ੍ਰਹਮ ਦੇ ਨਿਰੰਤਰ ਚਲਦੇ ਸ਼ਕਤੀਸ਼ਾਲੀ ਵੇਗ ਅਤੇ ਮਨੁੱਖੀ ਹੋਂਦ ਦੇ ਕੱਚ-ਸੱਚ ਸੰਬੰਧੀ ਕਈ ਪਰਤਾਂ ਦਾ ਮਿਸ਼ਰਣ ਸ਼ਾਮਿਲ ਹੈ। ਕੁਦਰਤ ਜਾਂ ਬ੍ਰਹਮ ਦੇ ਵਰਤਾਰੇ ਸਾਹਮਣੇ ਮਨੁੱਖੀ ਜੀਵਨ ਇਕ ਅਣੂ ਤੇ ਤੀਲੇ ਸਾਮਾਨ ਵੀ ਹੈ ਅਤੇ ਕਾਲ ਵਿਚ ਸਮਾ ਜਾਣ ਵਾਲੀ ਥੋੜ੍ਹ-ਚਿਰੀ ਹੋਂਦ ਵੀ। ਭਾਈ ਵੀਰ ਸਿੰਘ ਦੀ ਕਵਿਤਾ ਵਿਚ ਕੁਦਰਤ ਤੇ ਜੀਵਨ ਬਾਰੇ ਚਿੰਤਨ ਵੀ ਹੈ ਤੇ ਚਿੰਤਨਸ਼ੀਲਤਾ ਵੀ। ਇਹ ਚਿੰਤਨਸ਼ੀਲਤਾ ਕੇਵਲ ਵਿਚਾਰਧਾਰਾ ਹੀ ਨਹੀਂ ਫ਼ਲਸਫ਼ੇ ਦਾ ਵੀ ਰੂਪ ਹੈ। ਭਾਈ ਵੀਰ ਸਿੰਘ ਦੀ ਅਜਿਹੀ ਕਵਿਤਾ ਸਮਕਾਲੀ ਤੱਥਾਂ ਜਾਂ ਵੇਰਵਿਆਂ ਤੋਂ ਉਪਰ ਮਨੁੱਖ ਅਤੇ ਕੁਦਰਤ ਦੇ ਜੀਣ-ਥੀਣ ਦੀ ਹੋਂਦ ਨੂੰ ਮੁਖ਼ਾਤਬ ਹੈ। ਇਸੇ ਕਰਕੇ ਹੀ ਅਜਿਹਾ ਸਾਹਿਤ ਅੱਜ ਵੀ ਜੀਵਿਤ ਤੇ ਗਤੀਸ਼ੀਲ ਹੈ। ਏਸੇ ਕਰਕੇ ਭਾਈ ਵੀਰ ਸਿੰਘ ਨੂੰ ਪੰਜਾਬ ਵਿਚ 'ਸਾਹਿਤ ਦੇ ਛੇਵੇਂ ਦਰਿਆ' ਦਾ ਲਕਬ ਹਾਸਿਲ ਹੈ। ਭਾਈ ਵੀਰ ਸਿੰਘ ਸਾਡੇ ਆਧੁਨਿਕ ਪੰਜਾਬੀ ਸਾਹਿਤ ਦੀ ਸਭ ਤੋਂ ਵੱਡੀ ਸ਼ਖ਼ਸੀਅਤ ਹੈ। ਸਾਡੀ ਅਜੋਕੀ ਸਾਹਿਤਕਾਰੀ ਵਿਚ ਕੇਵਲ ਸਮਕਾਲ ਦੇ ਤੱਥਾਂ/ਵੇਰਵਿਆਂ ਵਿਚ ਗੁਆਚਣ ਅਤੇ ਨਿਕਟੀ ਨਜ਼ਰ ਵਾਲੇ ਸਾਹਿਤਕਾਰਾਂ ਨੂੰ ਭਾਈ ਵੀਰ ਸਿੰਘ ਤੋਂ ਬਹੁਤ ਕੁਝ ਸਿੱਖਣ-ਸਮਝਣ ਦੀ ਲੋੜ ਹੈ।

ਭਾਈ ਵੀਰ ਸਿੰਘ ਦੀ ਰਚਨਾਕਾਰੀ ਵਿਚ ਮੱਧਕਾਲ ਅਤੇ ਆਧੁਨਿਕ ਕਾਲ ਦੇ ਸਾਹਿਤ ਰੂਪਾਂ ਵਿਚ ਸੰਵਾਦ ਹੈ। ਮੱਧਕਾਲ ਦੇ ਸਾਹਿਤ ਰੂਪਾਂ ਦਾ ਆਧੁਨਿਕ ਯੁੱਗ ਦੀਆਂ ਲੋੜਾਂ ਮੁਤਾਬਿਕ ਸਾਹਿਤਕੀ ਰੂਪਾਂਤਰਣ ਕੀਤਾ ਗਿਆ ਹੈ। ਭਾਈ ਵੀਰ ਸਿੰਘ ਦੀਆਂ ਪਾਈਆਂ ਪੈੜਾਂ ਉੱਤੇ ਹੀ ਫਿਰ ਸਾਡੇ ਆਧੁਨਿਕ ਪੰਜਾਬੀ ਸਾਹਿਤ ਰੂਪਾਂ ਦੇ ਵੱਡੇ ਮਹਿਲ ਉਸਰਦੇ ਹਨ। 'ਭਾਈ' ਦਾ ਖ਼ਿਤਾਬ ਆਪਣੇ-ਆਪ ਵਿਚ ਹੀ ਵਿਦਵਾਨੀ ਪੁਰਸ਼ ਤੋਂ ਇਲਾਵਾ 'ਮਨ ਨੂੰ ਭਾਅ ਜਾਣ ਵਾਲਾ' ਅਤੇ 'ਭਰਾਤਾ ਸਾਮਾਨ' ਹੋਣ ਦਾ ਬੋਧ ਕਰਾਉਂਦਾ ਹੈ। 'ਭਾਈ' ਦਾ ਰੁਤਬਾ ਸਿੱਖ ਇਤਿਹਾਸ ਵਿਚ ਸਭ ਤੋਂ ਪਹਿਲਾਂ 'ਭਾਈ ਮਰਦਾਨਾ' ਫਿਰ 'ਭਾਈ ਗੁਰਦਾਸ' ਤੇ 'ਭਾਈ ਨੰਦ ਲਾਲ' ਨੂੰ ਮਿਲਿਆ ਹੈ। ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ ਅਜਿਹਾ ਤਖ਼ੱਲੁਸ ਹਾਸਿਲ ਕਰਨ ਵਾਲਾ ਸਾਡਾ ਚੌਥਾ ਵੱਡਾ ਸਤਿਕਾਰਤ 'ਭਾਈ' ਹੈ। ਇਹ ਜਿਸ ਪਾਸੇ ਵੀ ਤੁਰੇ ਸਨ, ਉਸ ਖੇਤਰ ਵਿਚ ਉਹਨਾਂ ਦੀ ਮਾਨਤਾ ਤੇ ਮਹਾਨਤਾ ਨੰਬਰ ਇਕ ਵਜੋਂ ਹੈ। ਭਾਈ ਵੀਰ ਸਿੰਘ ਆਪਣੇ ਘਰ ਵਿਚੋਂ ਰੋਜ਼ਾਨਾ ਫੁੱਲਾਂ ਦਾ ਗੁਲਦਸਤਾ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੁੰਦੇ ਸਨ। ਇਹ ਪਿਰਤ ਉਨ੍ਹਾਂ ਦੀਆਂ ਧੀਆਂ ਦੇ ਪਰਿਵਾਰਾਂ ਵੱਲੋਂ ਅਜੇ ਵੀ ਜਾਰੀ ਹੈ। ਭਾਈ ਵੀਰ ਸਿੰਘ ਦੀ ਅੰਮ੍ਰਿਤਸਰ ਦੀ ਜਨਮ ਭੂਮੀ ਤੇ ਕਰਮ ਭੂਮੀ ਅੱਜ ਵੀ ਕਈ ਉਤਸ਼ਾਹਭਾਵੀ ਪ੍ਰੇਰਣਾਵਾਂ ਦਾ ਸਬੱਬ ਹੈ। ਸੰਤਾਲੀ ਦੀ ਦੇਸ਼-ਵੰਡ ਤੋਂ ਬਾਅਦ ਭਾਈ ਵੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇਕ ਚਿੱਠੀ ਲਿਖੀ ਸੀ। ਇਸ ਪੱਤਰ ਵਿਚ ਪਾਕਿਸਤਾਨ ਵਿਚ ਰਹਿ ਗਏ 'ਜਿਨ੍ਹਾਂ ਗੁਰਧਾਮਾਂ ਨੂੰ ਪੰਥ ਨਾਲੋਂ ਵਿਛੋੜਿਆ ਗਿਆ ਦੇ ਖੁਲ੍ਹੇ ਦਰਸ਼ਨ ਦੀਦਾਰ' ਦੀ ਅਰਦਾਸ ਲਈ ਮੰਗ ਕੀਤੀ ਗਈ ਸੀ। ਉਸ ਸਮੇਂ ਤੋਂ ਹੀ ਭਾਈ ਵੀਰ ਸਿੰਘ ਦੀ ਲਿਖਤ ਦੀਆਂ ਪੰਗਤੀਆਂ ਸਾਡੀ ਅਰਦਾਸ ਵਿਚ ਸ਼ਾਮਿਲ ਹਨ। ਇਹ ਭਾਈ ਵੀਰ ਸਿੰਘ ਦੇ ਖ਼ਿਆਲ/ਵਿਚਾਰ ਦੀ ਮਾਨਤਾ ਤੇ ਸਤਿਕਾਰ ਦੀ ਸਭ ਤੋਂ ਵੱਡੀ ਮਿਸਾਲ ਹੈ। ਭਾਈ ਵੀਰ ਸਿੰਘ ਦੀ ਸਾਹਿਤਕ ਦੇਣ ਦੇ ਸਤਿਕਾਰ ਵਜੋਂ ਹੀ ਪੰਜਾਬ ਯੂਨੀਵਰਸਿਟੀ ਵੱਲੋਂ 1949 ਵਿਚ 'ਡਾਕਟਰ ਆਫ਼ ਓਰੀਐਂਟਲ ਲਰਨਿੰਗ ਆਨਰਜ਼ ਕਾਜਾ' ਡਿਗਰੀ ਦਿੱਤੀ ਗਈ ਸੀ। ਇਨ੍ਹਾਂ ਨੂੰ ਪੰਜਾਬ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਵੀ ਬਣਾਇਆ ਗਿਆ ਸੀ। ਭਾਰਤ ਸਰਕਾਰ ਵੱਲੋਂ ਇਨ੍ਹਾਂ ਨੂੰ 1956 ਵਿਚ 'ਪਦਮ-ਭੂਸ਼ਣ' ਵੀ ਦਿੱਤਾ ਗਿਆ ਸੀ। ਭਾਈ ਵੀਰ ਸਿੰਘ ਜੀ ਨੇ ਦਸਵੀਂ ਤਕ ਵਿੱਦਿਆ ਹਾਸਿਲ ਕਰ ਕੇ ਆਪਣੀ ਕਾਵਿ ਉਡਾਰੀ, ਖੋਜੀ ਬਿਰਤੀ, ਸਾਹਿਤਕਾਰੀ ਤੇ ਸੰਪਾਦਨਾ ਦੀ ਮਾਨਤਾ ਕਰਕੇ ਹੋਰ ਸਭ ਦੁਨਿਆਵੀ ਵਿੱਦਿਅਕ ਡਿਗਰੀਆਂ ਨੂੰ ਪਿੱਛੇ ਛੱਡ ਦਿੱਤਾ ਸੀ। ਭਾਈ ਵੀਰ ਸਿੰਘ ਦੇ ਸਮੇਂ ਦੀਆਂ ਸਾਰੀਆਂ ਹੀ ਸਿੱਖ ਲਹਿਰਾਂ ਤੇ ਸਭਾਵਾਂ ਇਨ੍ਹਾਂ ਦੇ ਇਰਦ-ਗਿਰਦ ਘੁੰਮਣ ਲੱਗੀਆਂ ਸਨ। ਉਸ ਸਮੇਂ ਦੀਆਂ ਵੱਖ-ਵੱਖ ਸਿੱਖ ਲਹਿਰਾਂ

ਤੇ ਸਭਾਵਾਂ ਭਾਈ ਵੀਰ ਸਿੰਘ ਦੇ ਅੰਗ-ਸੰਗ ਵਿਚਰਣ ਵਿਚ ਮਾਣ ਮਹਿਸੂਸ ਕਰ ਰਹੀਆਂ ਸਨ। ਇਹ ਕੌਮ ਦੀ ਨਾਮਵਰ ਇਤਿਹਾਸਕ ਵਿਦਿਅਕ ਸੰਸਥਾ ਖ਼ਾਲਸਾ ਕਾਲਜ ਅੰਮ੍ਰਿਤਸਰ (1892) ਦੀ ਧਾਰਮਿਕ ਕਮੇਟੀ ਦੇ 1908 ਵਿਚ ਮੈਂਬਰ ਵੀ ਬਣੇ ਸਨ। ਇਨ੍ਹਾਂ ਦੀ ਦੂਰ-ਅੰਦੇਸ਼ੀ ਦੇ ਵਿਚਾਰ ਵਜੋਂ ਹੀ ਬਾਅਦ ਵਿਚ ਡਾ. ਗੰਡਾ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ 'ਸਿੱਖ ਹਿਸਟਰੀ ਰਿਸਰਚ ਸੈਂਟਰ' (1931) ਸਥਾਪਤ ਹੋਇਆ। ਭਾਈ ਵੀਰ ਸਿੰਘ ਇਸਤਰੀ ਵਿੱਦਿਆ ਦਾ ਸਭ ਤੋਂ ਵੱਡਾ ਸਮਰਥਕ ਤੇ ਪ੍ਰਚਾਰਕ ਸੀ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਇਸਤਰੀ ਨਾਮ 'ਤੇ ਹਨ।

ਅੰਗਰੇਜ਼ੀ ਰਾਜ ਦੀਆਂ ਖੁਫ਼ੀਆਂ ਏਜੰਸੀਆਂ ਭਾਈ ਵੀਰ ਸਿੰਘ ਦੇ ਸਿੱਖੀ ਪ੍ਰਚਾਰ ਨੂੰ ਸ਼ੱਕ ਦੀ ਨਜ਼ਰ ਨਾਲ ਵੀ ਵੇਖਦੀਆਂ ਸਨ ਕਿਉਂਕਿ ਭਾਈ ਵੀਰ ਸਿੰਘ ਦੀਆਂ ਗਲਪ ਰਚਨਾਵਾਂ ਸਿੱਖਾਂ/ਪੰਜਾਬੀਆਂ ਵਿਚ ਆਪਣੇ ਰਾਜ ਪ੍ਰਤੀ ਮੁੜ ਜਾਗ੍ਰਿਤੀ ਪੈਦਾ ਕਰ ਰਹੀਆਂ ਸਨ। ਪਰ ਸਰਕਾਰ ਨੂੰ ਭਾਈ ਵੀਰ ਸਿੰਘ ਤੇ ਐਕਸ਼ਨ ਲੈਣ ਦਾ ਕੋਈ ਸਿੱਧਾ ਠੋਸ ਜਾਂ ਸਪੱਸ਼ਟ ਕਾਰਣ ਨਹੀਂ ਮਿਲ ਰਿਹਾ ਸੀ। ਭਾਈ ਵੀਰ ਸਿੰਘ ਆਪਣੇ ਸਮੇਂ ਵਿਚ ਕਿਸੇ ਵੀ ਸਿੱਧੇ ਵਿਵਾਦ ਜਾਂ ਪ੍ਰਤੀਕਰਮ ਵਿਚ ਨਹੀਂ ਪਏ, ਸਗੋਂ ਇਹ ਆਪਣੇ ਸਾਹਿਤਕ ਸੰਵਾਦ ਰਾਹੀਂ ਜਾਗਰਤੀ ਪੈਦਾ ਕਰ ਰਹੇ ਸਨ। ਆਪਣੇ ਸੁਭਾਅ ਵਜੋਂ ਭਾਈ ਵੀਰ ਸਿੰਘ ਆਪਣੇ ਕੰਮ ਵਿਚ ਮਗਨ ਅਤੇ ਕਿਸੇ ਨਾਲ ਵੀ ਸਿੱਧੇ ਵਿਰੋਧ ਤੋਂ ਅਟੰਕ ਰਹਿੰਦੇ ਸਨ। ਭਾਈ ਵੀਰ ਸਿੰਘ ਦਾ ਰੋਲ ਹਰ ਪੱਖ ਤੋਂ ਇਕ ਉਸੱਰੀਏ ਵਾਲਾ ਹੈ।

ਭਾਈ ਵੀਰ ਸਿੰਘ ਦੇ ਸਮੇਂ ਵੱਡੇ ਸਿੱਖ ਘਰਾਣਿਆਂ, ਰਈਸਾਂ/ਅਮੀਰਾਂ ਅਤੇ ਵਿਦਵਾਨਾਂ ਵਿਚਕਾਰ ਆਪਸੀ ਵੱਡੀ ਸਾਂਝ ਤੇ ਤਾਲਮੇਲ ਸੀ। ਅਜਿਹੇ ਪੁੱਲ ਦਾ ਮੁੱਖ ਪ੍ਰਵਕਤਾ ਭਾਈ ਵੀਰ ਸਿੰਘ ਵੀ ਸੀ। ਇਸ ਸਦਕਾ ਹੀ ਸਿੱਖ ਸਭਾਵਾਂ ਤੇ ਸੰਗਠਨਾਂ ਦੀਆਂ ਆਪਣੇ ਸਮੇਂ ਵਿਚ ਵੱਡੀਆਂ ਪ੍ਰਾਪਤੀਆਂ ਹਨ। ਅੱਜ ਦੇ ਸਾਹਿਤਕਾਰਾਂ, ਪ੍ਰਚਾਰਕਾਂ, ਵਿਦਵਾਨਾਂ ਤੇ ਨੇਤਾਵਾਂ ਨੂੰ ਭਾਈ ਵੀਰ ਸਿੰਘ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਅੱਜ ਦਾ ਨੇਤਾ ਬੁੱਧੀਜੀਵੀਆਂ ਜਾਂ ਲੇਖਕਾਂ ਨੂੰ ਗਰੀਬੜਾ ਹੀ ਨਹੀਂ ਸਗੋਂ ਟਿੱਚ ਵੀ ਸਮਝਦਾ ਹੈ। ਦੂਜੇ ਪਾਸੇ ਲੇਖਕ/ਵਿਦਵਾਨ ਵੱਡੇ ਘਰਾਣਿਆਂ ਜਾਂ ਨੇਤਾਵਾਂ ਨੂੰ ਆਪਣੀ ਸਿੱਧੀ ਤੇ ਪੂਰਵ-ਨਿਸ਼ਚਿਤ ਮਨੋ-ਬਣਤਰ ਕਰਕੇ ਸਮਾਜ ਵਿਰੋਧੀ ਤੇ ਦੋਖੀ ਧਿਰ ਮੰਨੀ ਬੈਠਾ ਹੈ। ਇਹ ਸਰਲਬਿਰਤੀ ਤੇ ਇਕਹਿਰਾਪਨ ਛੱਡਣ ਦੀ ਲੋੜ ਹੈ। ਸਾਨੂੰ ਆਪਣੇ ਵੱਡੇ ਪੁਰਖਿਆਂ ਦੇ ਕਾਰਜਾਂ ਤੋਂ ਸੇਧ ਲੈਣ ਦੀ ਲੋੜ ਹੈ। ਅਜਿਹੇ ਯੁੱਗ ਕਵੀ ਦਾ 150 ਸਾਲਾ ਜਨਮ ਦਿਵਸ ਸਾਡੇ ਸਾਰੇ ਵਿੱਦਿਅਕ ਅਦਾਰਿਆਂ, ਸੰਗਠਨਾਂ ਤੇ ਸਭਾਵਾਂ ਨੂੰ ਸਾਰਾ ਸਾਲ ਮਨਾਉਣਾ ਚਾਹੀਦਾ ਹੈ ਤਾਂ ਜੋ ਸਾਡੀ ਨਵੀਂ ਪੀੜ੍ਹੀ ਆਪਣੇ ਵਡਮੁੱਲੇ ਸਾਹਿਤਕ ਸਰਮਾਏ ਰੂਪੀ ਵਿਰਸੇ ਤੋਂ ਜਾਣੂੰ ਹੋ ਸਕੇ। ਇਸ ਤਰ੍ਹਾਂ ਇਹ ਹੀ ਸਾਡੀ ਭਾਈ ਵੀਰ ਸਿੰਘ ਵਰਗੇ ਸਾਹਿਤਕਾਰੀ ਦੇ ਯੁੱਗ ਪੁਰਸ਼ ਨੂੰ ਅਸਲ ਤੇ ਸੱਚੀ ਸ਼ਰਧਾਂਜਲੀ ਹੋਵੇਗੀ।

◈